

Punjabi | ਪੰਜਾਬੀ

# SMART WATER ADVICE

# ਮਲਚ ਨਾਲ ਪਾਣੀ ਦੀ ਬੱਚਤ

- ਆਪਣੇ ਬਗੀਚੇ ਵਿੱਚ ਮਲਚ ਪਾਉਣਾ, ਮਿੱਟੀ ਨੂੰ ਸਿਹਤਮੰਦ ਬਣਾਉਣ ਅਤੇ ਪਾਣੀ-ਕੁਸ਼ਲ ਬਗੀਚਾ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹੈ।
- ਮਲਚ ਮਿੱਟੀ ਨੂੰ ਠੰਢਾ ਰੱਖਦੀ ਹੈ, ਘਾਹ-ਫੂਸ ਨੂੰ ਉੱਗਣ ਤੋਂ ਰੋਕਦੀ ਹੈ, ਮਿੱਟੀ ਵਿੱਚ ਪੌਸ਼ਟਿਕ ਤੱਤ ਸ਼ਾਮਲ ਕਰਦੀ ਹੈ ਅਤੇ ਪਾਣੀ ਦੇ ਵਹਾਅ ਨਾਲ ਮਿੱਟੀ ਦੇ ਵਹਿ ਜਾਣ ਅਤੇ ਹਿੱਲਣ ਨੂੰ ਘਟਾਉਂਦੀ ਹੈ।
- ਮਲਚ ਮਿੱਟੀ ਵਿੱਚੋਂ ਪਾਣੀ ਦੇ ਵਾਸ਼ਪੀਕਰਨ ਨੂੰ 70% ਤੱਕ ਘਟਾ ਸਕਦੀ ਹੈ।
- ਮਲਚ ਨਾ ਹੋਣ ਨਾਲੋਂ ਕੋਈ ਵੀ ਮਲਚ ਹੋਣਾ ਬਿਹਤਰ ਹੈ।



## ਮੋਟੀ ਕਿਸਮ ਦੀ ਮਲਚ

ਪਾਈਨ ਦੇ ਛਿਲਕੇ, ਰੋੜ-ਪੱਥਰ, ਅਤੇ ਇੱਥੋਂ ਤੱਕ ਕਿ ਰੀਸਾਈਕਲ ਕੀਤਾ ਹੋਇਆ ਕੰਕਰੀਟ ਅਤੇ ਇੱਟਾਂ ਵੀ ਲੰਮੇ ਸਮੇਂ ਤੱਕ ਟਿਕਣ ਵਾਲੀ ਮਲਚ ਬਣਾਉਂਦੀਆਂ ਹਨ, ਅਤੇ ਘਾਹ-ਫੂਸ ਉੱਗਣ ਨੂੰ ਰੋਕਣ ਲਈ ਬਹੁਤ ਵਧੀਆ ਹੁੰਦੀਆਂ ਹਨ। ਇਹ ਮਿੱਟੀ ਨੂੰ ਠੰਢਾ ਰੱਖਣ ਵਿੱਚ ਵੀ ਬਹੁਤ ਮਦਦਗਾਰ ਹੁੰਦੀ ਹੈ, ਖ਼ਾਸ ਕਰਕੇ ਜਦੋਂ ਇਹ ਹਲਕੇ ਰੰਗ ਦੀ ਹੋਵੇ। ਇਸ ਕਿਸਮ ਦੀ ਮਲਚ ਦੀ ਮੋਟਾਈ ਲਗਭਗ 5-7 ਸੈਂਟੀਮੀਟਰ ਹੋਣੀ ਚਾਹੀਦੀ ਹੈ।



## ਦਰਮਿਆਨੀ ਕਿਸਮ ਦੀ ਮਲਚ

ਲੱਕੜ ਦੇ ਟੁਕੜੇ ਵੀ ਘਾਹ-ਫੂਸ ਨੂੰ ਘਟਾਉਣ ਲਈ ਬਹੁਤ ਵਧੀਆ ਹੁੰਦੇ ਹਨ। ਇਸ ਕਿਸਮ ਦੀ ਮਲਚ ਆਮ ਤੌਰ 'ਤੇ 2.5 ਸੈਂਟੀਮੀਟਰ ਤੋਂ 5 ਸੈਂਟੀਮੀਟਰ ਤੱਕ ਦੀ ਮੋਟਾਈ ਵਿੱਚ ਵਿਛਾਈ ਜਾਂਦੀ ਹੈ।



## ਬਾਰੀਕ ਮਲਚ

ਆਰੇ ਦਾ ਬੁਰਾਦਾ (Sawdust) ਅਤੇ ਯੂਕਾ (Euca) ਪਾਣੀ ਨੂੰ ਮਿੱਟੀ ਵਿੱਚ ਜਾਣ ਤੋਂ ਰੋਕ ਸਕਦੇ ਹਨ, ਇਸ ਲਈ ਇਸਨੂੰ ਬਹੁਤ ਮੋਟਾ ਨਾ ਪਾਓ - ਲਗਭਗ 2.5 ਸੈਂਟੀਮੀਟਰ ਮੋਟਾਈ ਕਾਫ਼ੀ ਹੈ। ਹਰ ਸਾਲ ਜਦੋਂ ਜ਼ਮੀਨ ਸੁੱਕਣੀ ਸ਼ੁਰੂ ਹੋਵੇ, ਤਾਂ ਮਲਚ ਨੂੰ ਮੁੜ ਭਰਨਾ ਨਾ ਭੁੱਲੋ।

## ਸ਼ਾਨਦਾਰ ਮਲਚਿੰਗ ਲਈ 6 ਕਦਮ

1. ਘਾਹ-ਫੂਸ ਹਟਾਓ।
2. ਮਿੱਟੀ ਨੂੰ ਚੰਗੀ ਤਰ੍ਹਾਂ ਗਿੱਲਾ ਕਰੋ।
3. ਜੇਕਰ ਪਾਣੀ ਮਿੱਟੀ ਦੀ ਸਤ੍ਹਾ ਤੋਂ ਵਹਿ ਰਿਹਾ ਹੈ, ਤਾਂ ਥੋੜ੍ਹੀ ਕੰਪੋਸਟ ਤੰਗਲੀ ਨਾਲ ਮਿੱਟੀ ਵਿੱਚ ਮਿਲਾਓ।
4. ਜਿਸ ਕਿਸਮ ਦੀ ਮਲਚ ਤੁਸੀਂ ਚੁਣੀ ਹੈ, ਉਸ ਅਨੁਸਾਰ ਮਲਚ ਵਿਛਾਓ।
5. ਮਲਚ ਪੌਦਿਆਂ ਦੇ ਤਣਿਆਂ ਨਾਲ ਬਿਲਕੁਲ ਲਗਾ ਕੇ ਨਾ ਪਾਓ, ਕਿਉਂਕਿ ਇਸ ਨਾਲ ਫੰਗਲ ਬਿਮਾਰੀ ਹੋ ਸਕਦੀ ਹੈ... ਅਤੇ ਕੋਈ ਵੀ ਅਜਿਹਾ ਨਹੀਂ ਚਾਹੁੰਦਾ! ਘੱਟੋ-ਘੱਟ 4 ਸੈਂਟੀਮੀਟਰ ਦਾ ਫਾਸਲਾ ਛੱਡੋ।
6. ਆਪਣੀ ਆਰਗੈਨਿਕ ਮਲਚ ਨੂੰ ਹਰ ਸਾਲ ਦੁਬਾਰਾ ਪਾਓ, ਜਾਂ ਜੇਕਰ ਮਲਚ ਬਹੁਤ ਜ਼ਿਆਦਾ ਟੁੱਟ-ਫੁੱਟ ਗਈ ਹੋਵੇ ਤਾਂ ਹੋਰ ਵੀ ਵੱਧ ਵਾਰ।





**The Water Conservancy ਯੂ-ਟਿਊਬ ਚੈਨਲ 'ਤੇ 'ਕਿਵੇਂ ਕਰੀਏ' ਵੀਡੀਓ ਗਾਈਡਾਂ ਦੇਖੋ।**